# ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ,ਚੰਡੀਗੜ੍ਹ
# ਐਸ.ਸੀ.ਓ.ਨੰ: 104-106, ਦੂਜੀ ਮੰਜਿਲ, ਸੈਕਟਰ-34 ਏ,ਚੰਡੀਗੜ੍ਹ

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ(ਸੈ.ਸਿ/ਐ.ਸਿ)ਪੰਜਾਬ
ਸਮੂਹ ਸਕੂਲ ਮੁੱਖੀ, ਪੰਜਾਬ

ਮੀਮੋ ਨੰ: ਐਸ.ਐਸ.ਏ/2012/ਐਡਮਨ/83234
ਮਿਤੀ,ਚੰਡੀਗੜ੍ਹ: 07 ਅਗਸਤ 2012

ਵਿਸ਼ਾ:- ਸਿੱਖਿਆ ਵਿਭਾਗ ਦੇ ਕਰਮਚਾਰੀਆਂ ਵੱਲੋਂ ਪੱਤਰਕਾਰੀ ਕਰਨ ਬਾਰੇ।

1.0 ਸਰਕਾਰ ਦੇ ਧਿਆਨ ਵਿੱਚ ਆਇਆ ਹੈ ਕਿ ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ ਕੰਮ ਕਰਦੇ ਕਈ ਅਧਿਆਪਕ ਅਤੇ ਕਰਮਚਾਰੀ ਵੱਖ ਵੱਖ ਅਖਬਾਰਾਂ ਲਈ ਪੱਤਰਕਾਰ ਵਜੋਂ ਕੰਮ ਕਰ ਰਹੇ ਹਨ । ਇਸ ਸੰਬੰਧ ਵਿੱਚ ਸਰਕਾਰੀ ਕਰਮਚਾਰੀ ਕੰਡਕਟ ਰੂਲਜ਼ 1966 ਦੇ ਨਿਯਮ ਬੜੇ ਸਪੱਸ਼ਟ ਹਨ ਜਿਨ੍ਹਾਂ ਦਾ ਵੇਰਵਾ ਹੇਠ ਦਿੱਤਾ ਜਾਂਦਾ ਹੈ :-

**THE GOVERNMENT EMPLOYEES (CONDUCT ) RULES 1966**

**x x x x x x**

(ii) No Government employee shall, except with the previous sanction of the Government or of the prescribed authority or except in the bona fide discharge of his duties :-

(a) publish a book himself or through a publisher, or contribute an article to a book or compilation of articles, or

(b) participate in a radio broadcast or contribute an article or write a letter to a newspaper or periodical either in his own name or anonymously or pseudonymously or in the name of any other person;

Provided that no such sanction shall be required :-

(i) If such publication is through a publisher and is of a purely literary, artistic or scientific character, or

(ii) if such contribution, broadcast or writing is of a purely literary, artistic or scientific character.

2.0 ਉਕਤ ਦਰਸਾਏ ਰੂਲਾਂ ਅਨੁਸਾਰ ਕੋਈ ਵੀ ਸਰਕਾਰੀ ਮੁਲਾਜਮ ਸਰਕਾਰੀ ਦੀ ਪੂਰਵ-ਪ੍ਰਵਾਨਗੀ ਤੋਂ ਬਿਨਾਂ ਅਖਬਾਰਾਂ ਲਈ ਆਰਟੀਕਲ ਨਹੀਂ ਲਿਖ ਸਕਦਾ ਅਤੇ ਇਸ ਤਰਾਂ ਉਕਤ ਰੂਲਾਂ ਅਨੁਸਾਰ ਸਰਕਾਰ ਦਾ ਮੁਲਾਜ਼ਮ ਅਖਬਾਰ ਦੇ ਪੱਤਰਕਾਰ ਦੇ ਤੌਰ ਤੇ ਕੰਮ ਨਹੀਂ ਕਰ ਸਕਦਾ ।

3.0 ਉਕਤ ਨੂੰ ਮੁੱਖ ਰੱਖਦੇ ਹੋਏ ਸਰਕਾਰ ਵਲੋਂ ਫੈਸਲਾ ਕੀਤਾ ਗਿਆ ਹੈ ਕਿ ਸਿੱਖਿਆ ਵਿਭਾਗ ਦੇ ਮੁਲਾਜਮ ਜੋ ਅਖਬਾਰਾਂ ਲਈ ਪੱਤਰਕਾਰੀ ਕਰ ਰਹੇ ਹਨ । ਉਹਨਾਂ ਨੂੰ ਉਕਤ ਹਦਾਇਤਾਂ ਬਾਰੇ ਜਾਣੂ ਕਰਵਾ ਦਿੱਤਾ ਜਾਵੇ ਕਿ ਕੋਈ ਵੀ ਸਰਕਾਰੀ ਮੁਲਾਜ਼ਮ ਅਖਬਾਰਾਂ ਲਈ ਪੱਤਰਕਾਰੀ ਨਹੀਂ ਕਰ ਸਕਦਾ । ਕਿਸੇ ਵੀ ਮੁਲਾਜ਼ਮ ਵਲੋਂ ਇਹਨਾਂ ਹਦਾਇਤਾਂ ਦੀ ਉਲੰਘਣਾ ਕਰਨ ਦੀ

ਸੂਰਤ ਵਿੱਚ ਉਸ ਦੇ ਖਿਲਾਫ ਪੰਜਾਬ ਸਿਵਲ ਸਰਵਿਸਜ (ਦੰਡ ਅਤੇ ਅਪੀਲ) ਰੂਲਜ 1970 ਦੇ ਤਹਿਤ ਕਾਰਵਾਈ ਕੀਤੀ ਜਾ ਸਕਦੀ ਹੈ।

4.0 ਇਹ ਪੱਤਰ ਪੰਜਾਬ ਸਰਕਾਰ ਦੀ ਪੂਰਵ ਪ੍ਰਵਾਨਗੀ ਨਾਲ ਜਾਰੀ ਕੀਤਾ ਜਾਂਦਾ ਹੈ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ

ਪਿੱਠ ਅੰਕਣ ਨੰ: ਐਸ.ਐਸ.ਏ/2012/ਐਡਮਨ/83234 ਮਿਤੀ,ਚੰਡੀਗੜ੍ਹ: 07/08/12

ਉਤਾਰਾ ਨਿਮਨਲਿਖਤ ਨੂੰ ਸੂਚਨਾਂ ਅਤੇ ਯੋਗ ਕਾਰਵਾਈ ਲਈ ਭੇਜਿਆ ਜਾਂਦਾ ਹੈ:-

1. ਸਕੱਤਰ ਸਕੂਲ ਸਿੱਖਿਆ,ਪੰਜਾਬ ਸਰਕਾਰ।
2. ਡਾਇਰੈਕਟਰ ਸਿੱਖਿਆ ਵਿਭਾਗ(ਸੈ.ਸਿ)/(ਐ.ਸਿ) ਪੰਜਾਬ,ਚੰਡੀਗੜ੍ਹ।
3. ਡਾਇਰੈਕਟਰ ਐਸ.ਸੀ.ਈ.ਆਰ.ਟੀ ਪੰਜਾਬ,ਚੰਡੀਗੜ੍ਹ।
4. ਸਮੂਹ ਮੰਡਲ ਸਿੱਖਿਆ ਅਫਸਰ ਪੰਜਾਬ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ